# ਭਗਤ ਸਿੰਘ ਦੀ ਪਹਿਲੀ ਗ੍ਰਿਫਤਾਰੀ

ਮਲਵਿੰਦਰ ਜੀਤ ਸਿੰਘ ਵੜੈਚ*

29 ਮਈ 1927 ਨੂੰ ਸਾਮੀਂ ਭਗਤ ਸਿੰਘ ਨੂੰ ਲਾਹੌਰ ਰੇਲਵੇ ਸਟੇਸ਼ਨ ਤੋਂ ਬਾਹਰ ਨਿਕਲਦਿਆਂ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਗ੍ਰਿਫਤਾਰੀ ਬਾਰੇ ਆਪਣੀ ਲਿਖਤ 'ਮੈਂ ਨਾਸਤਕ ਕਿਉਂ ਹਾਂ?' ਵਿੱਚ ਭਗਤ ਸਿੰਘ ਲਿਖਦਾ ਹੈ: "ਮਈ, 1927 ਵਿੱਚ ਮੈਨੂੰ ਲਾਹੌਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਮੇਰੇ ਲਈ ਇਹ ਗ੍ਰਿਫਤਾਰੀ ਇੱਕ ਹੈਰਾਨੀ ਵਾਲੀ ਘਟਨਾ ਸੀ। ਮੈਨੂੰ ਨਹੀਂ ਸੀ ਪਤਾ ਕਿ ਪੁਲਿਸ ਮੈਨੂੰ ਫੜਨਾ ਚਾਹੁੰਦੀ ਸੀ। ਅਚਾਨਕ ਹੀ ਇੱਕ ਬਾਗ ਵਿੱਚੋਂ ਲੰਘਦਿਆਂ ਮੈਨੂੰ ਸਿਪਾਹੀਆਂ ਨੇ ਘੇਰ ਲਿਆ। ਮੈਂ ਸ਼ਾਂਤ ਸਾਂ ਅਤੇ ਆਪਣੇ ਧੀਰਜ ਤੇ ਮੈਨੂੰ ਆਪ ਨੂੰ ਹੈਰਾਨੀ ਹੋਈ, ਨਾ ਮੈਨੂੰ ਕੋਈ ਚਿੰਤਾ ਸੀ ਨਾ ਹੀ ਘਬਰਾਹਟ। ਪੁਲਿਸ ਨੇ ਮੈਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਅਗਲੇ ਦਿਨ ਮੈਨੂੰ ਰੇਲਵੇ ਪੁਲਿਸ ਦੀ ਹਵਾਲਾਤ ਵਿੱਚ ਬੰਦ ਕਰ ਦਿੱਤਾ ਗਿਆ, ਜਿਥੇ ਮੈਂ ਪੂਰਾ ਇੱਕ ਮਹੀਨਾ ਗੁਜ਼ਾਰਿਆ। ਪੁਲਿਸ ਅਫਸਰਾਂ ਵੱਲੋਂ ਕਈ ਵਾਰ ਪੁਛਤਾਛ ਕਰਨ ਤੇ ਮੈਂ ਅਨੁਮਾਨ ਲਾਇਆ ਕਿ ਉਨ੍ਹਾਂ ਕੋਲ ਕਾਕੋਰੀ ਕਾਂਡ ਨਾਲ ਮੇਰੇ ਸਬੰਧਾਂ ਬਾਰੇ ਅਤੇ ਇਨਕਲਾਬੀ ਕਾਰਵਾਈਆਂ ਵਿੱਚ ਮੇਰੀ ਸ਼ਮੂਲੀਅਤ ਬਾਰੇ ਕੁੱਝ ਸੂਚਨਾ ਸੀ।

> ਸੱਚ ਮੁਚ ਹੀ ਭਗਤ ਸਿੰਘ ਐੱਚ.ਆਰ.ਏ. ਦੀਆਂ ਹੋਰ ਕਾਰਵਾਈਆਂ ਤੋਂ ਇਲਾਵਾ, ਪਾਰਟੀ ਵੱਲੋਂ ਇਲਾਹਾਬਾਦ ਜ਼ਿਲ੍ਹੇ ਦੇ ਪਿੰਡ ਚਿਲੌਲੀ 'ਚ 1923-24 ਦੌਰਾਨ ਡਾਕੇ ਦੇ ਅਸਫ਼ਲ ਜਤਨ ਵਿੱਚ ਸ਼ਾਮਿਲ ਸੀ — (ਹਵਾਲਾ: ਸਰਕਾਰੀ ਗਵਾਹ ਨੰ. 456 ਛੱਤਰਪਾਲ ਸਿੰਘ ਦਾ ਬਿਆਨ)

ਉਨ੍ਹਾਂ ਨੇ ਮੈਨੂੰ ਦੱਸਿਆ ਕਿ ਕਾਕੋਰੀ ਮੁਕੱਦਮੇ ਦੇ ਮੁਜਰਿਮਾਂ ਦੀ ਅਦਾਲਤੀ ਸੁਣਵਾਈ ਦੌਰਾਨ ਮੈਂ ਲਖਨਊ ਵਿੱਚ ਸਾਂ

> ਜੋਗੇਸ਼ ਚੈਟਰਜੀ ਅਨੁਸਾਰ ਉਸਨੇ ਵਾਕਈ ਇੱਕ ਦਿਨ ਭਗਤ ਸਿੰਘ ਨੂੰ ਸੈਸ਼ਨ ਅਦਾਲਤ ਅੰਦਰ ਪੂਰੀ ਠਾਠ ਨਾਲ, ਤਿਲੇਦਾਰ ਪਗੜੀ, ਜੋਧਪੁਰੀ ਬਿਰਜੱਸ ਪਹਿਨਿਆਂ ਸਾਰਾ ਦਿਨ ਅਦਾਲਤ ਦੀ ਕਾਰਵਾਈ ਸੁਣਦਿਆਂ ਵੇਖਿਆ ਸੀ।

ਅਤੇ ਉਨ੍ਹਾਂ ਕੈਦੀਆਂ ਦੀ ਰਿਹਾਈ ਲਈ ਮੈਂ ਇੱਕ ਵਿਉਂਤ ਬਣਾਈ ਸੀ

> ਬੇਸ਼ਕ ਪਾਰਟੀ ਦਾ ਕਾਨਪੁਰ ਕੇਂਦਰ ਬਿਸਮਿਲ ਨੂੰ ਜੇਲ੍ਹ 'ਚੋਂ ਛੁਡਾਉਣ ਲਈ ਤਿਆਰੀਆਂ ਵਿੱਚ ਜੁਟਿਆ ਹੋਇਆ ਸੀ ਤੇ ਇਸ ਮਕਸਦ ਲਈ ਭਗਤ ਸਿੰਘ ਅਤੇ ਸੁਖ ਦੇਵ ਨੂੰ ਉਚੇਚਾ ਕਾਨਪੁਰ ਬੁਲਾਇਆ ਵੀ ਗਿਆ ਸੀ।

ਅਤੇ ਉਨ੍ਹਾਂ ਇਨਕਲਾਬੀਆਂ ਦੀ ਸਹਿਮਤੀ ਨਾਲ ਅਸੀਂ ਕੁੱਝ ਬੰਬ ਪ੍ਰਾਪਤ ਕੀਤੇ ਸਨ। ਇਨ੍ਹਾਂ ਬੰਬਾਂ ਵਿੱਚੋਂ ਇੱਕ ਬੰਬ ਨੂੰ ਪਰਖਣ ਲਈ ਅਸੀਂ 1926 'ਚ ਦੁਸਹਿਰੇ ਦੇ ਮੌਕੇ ਭੀੜ 'ਤੇ ਇੱਕ ਬੰਬ ਸੁਟਿਆ ਸੀ। ਉਨ੍ਹਾਂ ਨੇ 'ਮੇਰੇ ਹਿਤ ਵਿੱਚ' ਮੈਨੂੰ ਇਹ ਵੀ ਦੱਸਿਆ ਕਿ ਜੇ ਮੈਂ ਇਨਕਲਾਬੀ ਪਾਰਟੀ ਦੀਆਂ ਕਾਰਵਾਈਆਂ ਸਬੰਧੀ ਉਨ੍ਹਾਂ ਨੂੰ ਕੋਈ ਬਿਆਨ ਜਿਹਾ ਦੇ ਦਿਆਂ ਤਾਂ ਉਹ ਮੈਨੂੰ ਹਿਰਾਸਤ ਵਿੱਚ ਨਹੀਂ ਰੱਖਣਗੇ ਅਤੇ ਉਹ ਮੈਨੂੰ ਸਿਰਫ਼ ਬਰੀ ਹੀ ਨਹੀਂ ਕਰ ਦੇਣਗੇ, ਸਗੋਂ ਇਨਾਮ ਵੀ ਦੇਣਗੇ ਅਤੇ ਮੁਕੱਦਮੇ ਵਿੱਚ ਮੈਨੂੰ ਵਾਅਦਾ-ਮੁਆਫ਼ ਗਵਾਹ ਵਜੋਂ ਪੇਸ਼ ਵੀ ਨਹੀਂ ਕਰਨਗੇ। ਮੈਂ ਉਨ੍ਹਾਂ ਦੀ ਬੇਤੁਕੀ ਤਜਵੀਜ਼ 'ਤੇ ਹੱਸ ਪਿਆ। ਮੈਂ ਕਿਹਾ ਕਿ ਇਨਕਲਾਬੀ ਵਿਚਾਰਾਂ ਵਾਲੇ ਲੋਕ ਕਦੇ ਵੀ ਆਪਣੇ ਭੋਲੇ-ਭਾਲੇ ਲੋਕਾਂ 'ਤੇ ਬੰਬ ਨਹੀਂ ਸੁੱਟਦੇ।

"ਅਚਾਨਕ ਇੱਕ ਸੁਹਾਵਣੀ ਸਵੇਰ ਨੂੰ ਸੀ.ਆਈ.ਡੀ. ਦਾ ਸੀਨੀਅਰ ਸੁਪਰਡੈਂਟ, ਮਿਸਟਰ ਨਿਊਮੈਨ ਮੇਰੇ ਕੋਲ ਆਇਆ ਅਤੇ ਮੇਰੇ ਨਾਲ ਹਮਦਰਦੀ ਭਰੀਆਂ ਗੱਲਾਂ ਕਰਨ ਪਿੱਛੋਂ ਕਹਿਣ ਲੱਗਾ ਕਿ ਜੇ ਮੈਂ ਉਸ ਦੀ ਇੱਛਾ ਅਨੁਸਾਰ ਉਨ੍ਹਾਂ ਨੂੰ ਕੋਈ ਬਿਆਨ ਨਹੀਂ ਦਿੰਦਾ ਤਾਂ ਉਹ ਮਜਬੂਰ ਹੋ ਕੇ ਮੇਰੇ 'ਤੇ ਦੁਸਹਿਰੇ ਦੇ ਅਵਸਰ 'ਤੇ ਬੰਬ ਸੁਟਣ ਦੀ ਸਾਜਿਸ਼ ਦਾ ਦੋਸ਼ ਲਾ ਕੇ ਮੁਕੱਦਮਾ ਚਲਾਉਣ ਲਈ ਮਜਬੂਰ ਹੋਣਗੇ। ਉਸ ਨੇ ਇਹ ਵੀ ਦੱਸਿਆ ਕਿ ਮੈਨੂੰ ਦੋਸ਼ੀ ਸਿੱਧ ਕਰਨ ਅਤੇ ਫਾਂਸੀ ਦੀ ਸਜ਼ਾ ਦਿਵਾਉਣ ਲਈ ਉਨ੍ਹਾਂ ਕੋਲ ਸਾਰੇ ਲੋੜੀਂਦੇ ਸਬੂਤ ਮੌਜੂਦ ਸਨ। ਉਸ ਵੇਲੇ ਆਪਣੇ ਨਿਰਦੋਸ਼ ਹੋਣ ਦੇ ਬਾਵਜੂਦ ਮੈਂ ਜਾਣਦਾ ਸਾਂ ਕਿ ਜੇ ਪੁਲਿਸ ਚਾਹੁੰਦੀ ਤਾਂ ਉਸ ਨੇ ਸਭ ਕੁੱਝ 'ਸਾਬਤ' ਕਰ ਵਿਖਾਉਣਾ ਸੀ। ਉਸੇ ਦਿਨ ਮਗਰੋਂ ਕਈ ਪੁਲਿਸ ਅਫਸਰ ਮੈਨੂੰ ਕਹਿਣ ਲੱਗ ਪਏ ਕਿ ਮੈਂ ਦਿਨ ਵਿੱਚ ਦੋ ਵਾਰ ਪਰਮਾਤਮਾ ਅੱਗੇ ਅਰਦਾਸ ਕਰਿਆ ਕਰਾਂ, ਪਰ ਮੈਂ ਤਾਂ ਨਾਸਤਕ ਸਾਂ। ਮੈਂ ਆਪਣੇ ਆਪ ਨਾਲ ਇਹ ਫੈਸਲਾ ਕਰਨਾ ਚਾਹੁੰਦਾ ਸਾਂ ਕਿ ਕੀ ਮੈਂ ਆਪਣੀ ਜ਼ਿੰਦਗੀ ਦੇ ਸੌਖੇ ਸਮਿਆਂ ਵਿੱਚ ਹੀ ਨਾਸਤਕ ਹੋਣ ਦੀਆਂ ਫੜ੍ਹਾਂ ਮਾਰਨੀਆਂ ਹਨ ਜਾਂ ਜ਼ਿੰਦਗੀ ਦੀਆਂ ਔਖੀਆਂ

---

* Email: mjswaraich29@gmail.com; Ph: 0172-2556314

ਘੜੀਆਂ ਵਿੱਚ ਵੀ ਆਪਣੇ ਅਸੂਲਾਂ ਅਤੇ ਵਿਚਾਰਾਂ 'ਤੇ ਪਹਿਰਾ ਦੇਣਾ ਹੈ। ਲੰਮੀ ਸੋਚ-ਵਿਚਾਰ ਅਤੇ ਚਿੰਤਨ ਉਪਰੰਤ, ਮੈਂ ਇਸ ਨਤੀਜੇ ਤੇ ਪਹੁੰਚਿਆ ਕਿ ਮੈਂ ਕਿਸੇ ਰੱਬ ਅੱਗੇ ਅਰਦਾਸ ਨਹੀਂ ਕਰਨੀ!"

ਗ਼ੌਰਤਲਬ ਹੈ ਕਿ ਆਪਣੀ ਰਿਹਾਈ ਤੋਂ ਕੁੱਝ ਕੁ ਚਿਰ ਪਿੱਛੋਂ ਉਹਦੇ ਵੱਲੋਂ ਅਮਰੀਕਾ ਰਹਿੰਦੇ ਦੋਸਤ ਅਮਰ ਚੰਦ ਨੂੰ ਲਿਖੇ ਖ਼ਤ ਵਿੱਚ ਦੋ ਵਾਰ 'ਖ਼ੁਦਾ' ਅਤੇ ਇੱਕ ਵਾਰ 'ਰਬ' ਦਾ ਹਵਾਲਾ ਦਿੱਤਾ ਗਿਆ ਹੈ!

ਭਗਤ ਸਿੰਘ ਨੂੰ ਲਾਹੌਰ ਵਿੱਚ 25 ਅਕਤੂਬਰ 1926 ਨੂੰ ਦੁਸਹਿਰੇ ਦੇ ਜਲੂਸ 'ਤੇ ਬੰਬ ਸੁੱਟਣ ਦੇ ਦੋਸ਼ ਵਿੱਚ ਤਫ਼ਤੀਸ਼ ਦੇ ਬਹਾਨੇ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਵਹਿਸ਼ੀਆਨਾ ਘਟਨਾ ਵਿੱਚ ਨੌਂ ਵਿਅਕਤੀ ਮਾਰੇ ਗਏ ਅਤੇ 50 ਜ਼ਖਮੀ ਹੋਏ ਸਨ। (ਹਵਾਲਾ: 'ਟ੍ਰਿਬਿਊਨ', 27 ਅਕਤੂਬਰ 1926)। ਪੰਜਾਬ ਸਰਕਾਰ ਨੇ ਦੋਸ਼ੀਆਂ ਦੀ ਸੂਹ ਦੇਣ ਵਾਲੇ ਨੂੰ ਪੰਜ ਹਜ਼ਾਰ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਸੀ ('ਟ੍ਰਿਬਿਊਨ', ਮਿਤੀ 30 ਅਕਤੂਬਰ 1926)। ਕੋਈ ਵੀ ਸੂਝ-ਸਮਝ ਵਾਲਾ ਵਿਅਕਤੀ ਅਜਿਹੀ ਘਿਨਾਉਣੀ ਕਰਤੂਤ ਸਬੰਧੀ ਇਨ੍ਹਾਂ ਨੌਜਵਾਨਾਂ 'ਤੇ ਸ਼ੱਕ ਨਹੀਂ ਸੀ ਕਰ ਸਕਦਾ। ਹੋਰ ਤਾਂ ਹੋਰ ਘਟਨਾ ਅਤੇ ਇਸ ਗ੍ਰਿਫ਼ਤਾਰੀ ਵਿੱਚ ਸੱਤ ਮਹੀਨੇ ਦਾ ਵਕਫ਼ਾ ਸਪਸ਼ਟ ਕਰਦਾ ਸੀ ਕਿ ਇਹ ਗ੍ਰਿਫ਼ਤਾਰੀ ਕਿਸੇ ਵੀ ਤਰ੍ਹਾਂ ਉਸ ਨਾਲ ਸਬੰਧਤ ਨਹੀਂ ਸੀ।

ਇਹ ਨਿਰੋਲ ਸੰਜੋਗ ਹੀ ਸੀ ਕਿ ਦੋ ਸਾਲ ਬਾਅਦ ਲਾਹੌਰ ਵਿੱਚ 23 ਅਕਤੂਬਰ 1928 ਨੂੰ ਦੁਸਹਿਰੇ 'ਤੇ ਹੀ ਅਜਿਹਾ ਬੰਬ ਫੱਟਣ ਦਾ ਹਾਦਸਾ ਫਿਰ ਹੋਇਆ ਸੀ; ਇਸ ਬੰਬ-ਧਮਾਕੇ ਦੇ ਅਸਿੱਧੇ ਨਤੀਜੇ ਵਜੋਂ ਅਪ੍ਰੈਲ 1929 ਵਿੱਚ ਪੁਲਿਸ ਨੇ ਇਨਕਲਾਬੀਆਂ ਦੇ ਬੰਬ ਬਣਾਉਣ ਵਾਲੇ ਅੱਡੇ ਦਾ ਪਤਾ ਲਾ ਲਿਆ ਸੀ। ਸੰਨ 1928 ਵਿੱਚ ਦੁਸਹਿਰੇ ਦੇ ਮੌਕੇ ਹੋਏ ਬੰਬ ਧਮਾਕੇ ਦੀ ਤਫ਼ਤੀਸ਼ ਨਾਲ ਸਬੰਧਤ ਇੱਕ ਹੈਡ-ਕਾਂਸਟੇਬਲ ਨੂਰ ਸ਼ਾਹ ਜਦੋਂ ਰੋਜ਼ ਵਾਂਗ ਇੱਕ ਲੁਹਾਰ ਦੀ ਦੁਕਾਨ ਤੇ ਗਪ-ਸ਼ਪ ਮਾਰ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਉਹ ਲੁਹਾਰ ਕੁੱਝ ਖੋਲ ਤਿਆਰ ਕਰ ਰਿਹਾ ਸੀ। ਇਹ ਖੋਲ ਇਨਕਲਾਬੀਆਂ ਲਈ ਤਿਆਰ ਕੀਤ ਜਾ ਰਹੇ ਸਨ। ਕਾਂਸਟੇਬਲ ਨੂੰ ਸ਼ੱਕ ਹੋਇਆ ਅਤੇ ਇਸ ਸ਼ੱਕ ਦੇ ਆਧਾਰ 'ਤੇ ਹੀ ਇਨਕਲਾਬੀਆਂ ਦੇ ਛੁੱਪਣ ਵਾਲੀ ਕਸ਼ਮੀਰ ਬਿਲਡਿੰਗ 'ਤੇ 15 ਅਪ੍ਰੈਲ 1929 ਨੂੰ ਛਾਪਾ ਮਾਰਿਆ ਗਿਆ। ਇਹ ਹੈਡ-ਕਾਂਸਟੇਬਲ ਸਰਕਾਰੀ ਧਿਰ ਦੇ ਗਵਾਹ ਨੰਬਰ 132 ਅਤੇ ਉਕਤ ਲੁਹਾਰ, ਜਲਾਲ ਦੀਨ ਗਵਾਹ ਨੰਬਰ 130 ਵਜੋਂ ਟ੍ਰਿਬਿਊਨਲ ਦੀ ਅਦਾਲਤ ਵਿੱਚ 18 ਜੁਲਾਈ 1930 ਨੂੰ ਪੇਸ਼ ਹੋਏ ਸੀ ਅਤੇ ਇਨ੍ਹਾਂ ਨੇ ਇਹਨਾਂ ਤੱਥਾਂ ਦੀ ਪੁਸ਼ਟੀ ਕੀਤੀ ਸੀ। ਕੇਸ ਰਿਕਾਰਡ ਦੀ ਮੂਲ ਦਸਤਾਵੇਜ਼ ਦੀ ਫੋਟੋਕਾਪੀ ਦੇ ਹਾਸ਼ੀਏ ਤੇ ਸ਼ਹੀਦ ਸੁਖ ਦੇਵ ਨੇ ਜਲਾਲ ਦੀਨ ਦੀ ਗਵਾਹੀ ਸਬੰਧੀ ਇਹ ਟਿੱਪਣੀ ਦਰਜ ਕੀਤੀ ਸੀ: **"ਕਿਤਨਾ ਅਜੀਬ ਇਤਫ਼ਾਕ ਸੀ! ਇਤਫ਼ਾਕਨ ਗਲਬਾਤ ਅਤੇ ਵਿਹਲੀਆਂ ਗੱਪਾਂ ਦਾ ਸਿੱਟਾ ਵੇਖੋ!"**

ਇਵੇਂ ਲਾਹੌਰ ਵਿੱਚ ਇੱਕੋ ਜਿਹੇ ਮੌਕਿਆਂ ਤੇ ਹੋਏ ਦੋ ਬੰਬ ਧਮਾਕੇ, ਜਿਨ੍ਹਾਂ ਦਾ ਇਨਕਲਾਬੀਆਂ ਨਾਲ ਦੂਰ ਦਾ ਵਾਸਤਾ ਵੀ ਨਹੀਂ ਸੀ, ਇਨਕਲਾਬੀਆਂ ਦੀ ਲਹਿਰ ਵਿੱਚ ਗੜਬੜੀ ਮਚਾ ਗਏ।

ਬੇਸ਼ੱਕ ਭਗਤ ਸਿੰਘ ਦੇ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਨਾਲ ਨੇੜਲੇ ਸਬੰਧਾਂ ਬਾਰੇ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ; ਅਤੇ ਸਰਕਾਰ ਦੀ ਖੁਫ਼ੀਆ ਏਜੰਸੀ ਨਾ ਕੇਵਲ ਉਸ ਦਾ ਪਿਛਾ ਕਰ ਰਹੀ ਸੀ, ਬਲਕਿ 1926 ਵਿੱਚ ਉਸ ਦਾ ਉਨ੍ਹਾਂ 35 ਵਿਅਕਤੀਆਂ ਦੀ ਸੂਚੀ ਵਿੱਚ ਵੀ ਨਾਂ ਦਰਜ ਸੀ, ਜਿਨ੍ਹਾਂ ਦੀ ਡਾਕ ਨੂੰ ਖੁਫ਼ੀਆ ਏਜੰਸੀ ਜਾਂਚ ਰਹੀ ਸੀ। ਇਸ ਸੂਚੀ ਵਿੱਚ ਭਗਤ ਸਿੰਘ ਦਾ ਸੋਲ੍ਹਵਾਂ ਨੰਬਰ ਹੈ ਅਤੇ ਇਸ ਵਿੱਚ ਦਰਜ ਹੈ: 'ਭਗਤ ਸਿੰਘ ਜਿਹੜਾ ਮੂਲ ਰੂਪ 'ਚ ਜਲੰਧਰ ਜ਼ਿਲ੍ਹੇ ਦਾ ਵਾਸੀ ਹੈ ਅਤੇ ਜਿਹੜਾ ਹੁਣ ਪਿੰਡ ਖਵਾਸਰੀਆਂ, ਡਾਕਖਾਨਾ ਮੋਜ਼ੰਗ, ਲਾਹੌਰ ਦਾ ਰਹਿਣ ਵਾਲਾ ਹੈ।'

ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਹੈ ਕਿ ਗ੍ਰਿਫ਼ਤਾਰੀ ਸਮੇਂ ਭਗਤ ਸਿੰਘ ਨੂੰ ਆਪਣੀ ਡਾਕ ਦੇ ਸੈਂਸਰ ਕੀਤੇ ਜਾਣ ਬਾਰੇ ਪਤਾ ਸੀ ਜਾਂ ਨਹੀਂ, ਪਰ ਉਸ ਨੂੰ ਇਹ ਜ਼ਰੂਰ ਪਤਾ ਸੀ ਕਿ ਜ਼ਮਾਨਤ ਦੇ ਵਕਫ਼ੇ ਦੌਰਾਨ ਉਸ ਦੀ ਡਾਕ ਸੈਂਸਰ ਕੀਤੀ ਜਾ ਰਹੀ ਸੀ। ਮਿਤੀ 4 ਜੁਲਾਈ 1927 ਨੂੰ ਆਪਣੀ ਰਿਹਾਈ ਮਗਰੋਂ ਉਸ ਨੇ ਅਮਰੀਕਾ ਵਿੱਚ ਰਹਿੰਦੇ ਆਪਣੇ ਇੱਕ ਮਿੱਤਰ ਅਮਰ ਚੰਦ ਨੂੰ ਲਿਖੀ ਚਿੱਠੀ ਵਿੱਚ ਇਸ ਗੱਲ ਦਾ ਉਲੇਖ ਕੀਤਾ ਸੀ।

ਆਪਣੇ ਪੁੱਤਰ ਦੀ ਰਿਹਾਈ ਲਈ ਲਾਹੌਰ ਹਾਈ ਕੋਰਟ ਦਾ ਦਰਵਾਜ਼ਾ ਖਟਕਾਉਣ ਦੀ ਜ਼ਿੰਮੇਵਾਰੀ ਕਿਸ਼ਨ ਸਿੰਘ ਦੀ ਸੀ ਤੇ ਜਿਹੜੀ ਗ੍ਰਿਫ਼ਤਾਰੀ 29 ਮਈ ਨੂੰ ਕੀਤੀ ਗਈ ਸੀ ਉਸ ਦੀ ਜ਼ਮਾਨਤ 4 ਜੁਲਾਈ 1927 ਨੂੰ ਜਾਕੇ ਮਨਜ਼ੂਰ ਹੋਈ ਸੀ। ਇਸ ਕੇਸ ਦੀ ਫਾਈਲ ਦੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਗ੍ਰਿਫ਼ਤਾਰੀ ਭਾਰਤੀ ਦੰਡਾਵਲੀ ਦੀ ਧਾਰਾ 302 ਅਧੀਨ ਕਤਲ ਦੇ ਦੋਸ਼ ਵਿੱਚ ਕੀਤੀ ਗਈ ਸੀ।

ਰਿਹਾਈ ਲਈ 60,000 ਰੁਪਏ ਦੀ ਜ਼ਮਾਨਤ ਮੰਗੀ ਗਈ ਸੀ ਅਤੇ 1927 ਵਿੱਚ ਇਹ ਇੱਕ ਬੜੀ ਭਾਰੀ ਰਕਮ ਸੀ। ਵਰਿੰਦਰ ਅਨੁਸਾਰ, "ਇਹ ਕਿਸ਼ਨ ਸਿੰਘ ਦੇ ਲਾਹੌਰ ਦੇ ਦੋਸਤਾਂ, ਬੈਰਿਸਟਰ ਦੁਨੀ ਚੰਦ ਅਤੇ ਦੌਲਤ ਰਾਮ ਦੀ ਮਿਹਰਬਾਨੀ ਸੀ ਕਿ ਉਨ੍ਹਾਂ ਨੇ

ਅੱਧੀ-ਅੱਧੀ ਜ਼ਮਾਨਤ ਦੀ ਜ਼ਿੰਮੇਵਾਰੀ ਚੁੱਕ ਲਈ, ਜਿਨ੍ਹਾਂ 'ਚੋਂ ਦੌਲਤ ਰਾਮ ਅਸਲ ਵਿੱਚ ਸਰਕਾਰ ਦਾ ਹਿਮਾਇਤੀ ਸੀ, ਪਰ ਉਸ ਨੇ ਆਪਣੀ ਆਤਮਾ ਦੀ ਆਵਾਜ਼ ਸੁਣ ਕੇ ਹੀ ਇਹ ਕਦਮ ਚੁਕਿਆ ਸੀ।"

ਆਪਣੇ ਪੁੱਤਰ ਨੂੰ ਜ਼ਮਾਨਤ ਤੇ ਰਿਹਾਅ ਕਰਵਾਉਣ ਮਗਰੋਂ, (ਜਿਵੇਂ ਕਿ ਮਾਤਾ ਵਿਦਿਆਵਤੀ ਨਾਲ ਮੁਲਾਕਾਤ ਵਿੱਚ ਪਹਿਲਾਂ ਦੱਸਿਆ ਜਾ ਚੁੱਕਾ ਹੈ), ਕਿਸ਼ਨ ਸਿੰਘ ਨੇ ਬੇਟੇ ਦਾ ਲਾਹੌਰ ਵਾਲੇ ਆਪਣੇ ਦਫ਼ਤਰ ਵਿੱਚ ਖੂੰਡੇ ਨਾਲ 'ਸੁਆਗਤ' ਕੀਤਾ ਸੀ।

ਭਗਤ ਸਿੰਘ ਤੇ ਉਹਦੇ ਦਰਿਆ-ਦਿਲ ਜ਼ਾਮਨਾਂ ਨੇ ਸੁਖ ਦਾ ਸਾਹ ਫਰਵਰੀ 1928 'ਚ ਜਾਕੇ ਹੀ ਲਿਆ ਹੋਣੈ, ਜਦੋਂ ਏਸ ਜ਼ਮਾਨਤ-ਨਾਮੇ ਨੂੰ ਖਾਰਜ ਕੀਤਾ ਗਿਆ ਸੀ।

ਭਗਤ ਸਿੰਘ ਨੇ, ਜ਼ਮਾਨਤ ਦੌਰਾਨ, ਅਮਰੀਕਾ ਰਹਿ ਰਹੇ ਆਪਣੇ ਪਿੰਡ ਦੇ ਇੱਕ ਦੋਸਤ ਨੂੰ ਉਰਦੂ ਵਿੱਚ ਹੇਠਾਂ ਦਿੱਤੀ ਜਾ ਰਹੀ ਲਿਖੀ ਸੀ:—

ਪਿਆਰੇ ਭਾਈ ਅਮਰ ਚੰਦ

ਨਮਸਤੇ

ਸਮਾਚਾਰ ਇਹ ਹੈ ਕਿ ਇਸ ਵਾਰੀ ਮੈਂ ਮਾਂ ਦੇ ਅਚਾਨਕ ਬੀਮਾਰ ਪੈਣ ਕਾਰਨ ਪਿੰਡ ਆਇਆ ਸਾਂ ਅਤੇ ਆਪਜੀ ਦੀ ਮਾਤਾ ਜੀ ਨੂੰ ਮਿਲਣ ਦਾ ਸੁਭਾਗ ਵੀ ਮਿਲਿਆ ਸੀ। ਅੱਜ ਮੈਂ ਤੁਹਾਡਾ ਖ਼ਤ ਪੜ੍ਹਿਐ। ਆਪ ਜੀ ਦੀ ਮਾਤਾ ਵੱਲੋਂ ਜਵਾਬ ਲਿਖਦਿਆਂ ਮੈਨੂੰ ਵੀ ਕੁੱਝ ਲਿਖਣ ਦਾ ਮੌਕਾ ਮਿਲਿਆ ਹੈ। ਮੈਂ ਕੀ ਲਿਖਾਂ! ਕਰਮ ਸਿੰਘ ਇੰਗਲੈਂਡ ਚਲਾ ਗਿਆ ਹੈ, ਉਸ ਦਾ ਪਤਾ ਭੇਜ ਰਿਹਾ ਹਾਂ। ਅੱਜੇ ਤੱਕ ਤਾਂ ਉਸ ਦਾ ਪ੍ਰੋਗ੍ਰਾਮ ਹੋਰ ਪੜ੍ਹਾਈ ਕਰਨ ਦਾ ਹੈ, ਪਰ ਉਹ ਅਗਲੇਰੀ ਪੜ੍ਹਾਈ ਕਿਵੇਂ ਕਰੇਗਾ, ਖ਼ੁਦਾ ਹੀ ਜਾਣਦਾ ਹੈ। ਪੜ੍ਹਾਈ ਦੇ ਖਰਚੇ ਬੜੇ ਹਨ। ਭਾਈ ਸਾਹਿਬ, ਪੜ੍ਹਾਈ ਵਾਸਤੇ ਵਿਦੇਸ਼ ਜਾਣ ਦੀ ਮੇਰੀ ਖਾਹਿਸ਼ ਰੁਲ-ਖੁਲ ਗਈ ਹੈ। ਮੇਰੀਆਂ ਸ਼ੁਭ ਇਛਾਵਾਂ ਤੁਹਾਡੇ ਲਈ ਹਾਜ਼ਰ ਹਨ। ਜੇ ਸੰਭਵ ਹੋਵੇ ਤਾਂ ਮੈਨੂੰ ਕੁੱਝ ਚੰਗੀਆਂ ਕਿਤਾਬਾਂ ਭੇਜਣਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਮਰੀਕਾ ਵਿੱਚ ਚੰਗੇ ਸਾਹਿਤ ਦੀ ਭਰਮਾਰ ਹੈ। ਬੇਸ਼ਕ ਇਸ ਵੇਲੇ ਤੁਸੀਂ ਆਪਣੀ ਪੜ੍ਹਾਈ ਵਿੱਚ ਰੁਝੇ ਹੋਵੋਗੇ।

ਸਾਨ-ਫਰਾਂਸਿਸਕੋ ਦੇ ਨੇੜੇ-ਤੇੜੇ ਸਰਦਾਰ ਜੀ (ਸਰਦਾਰ ਅਜੀਤ ਸਿੰਘ) ਬਾਰੇ ਸ਼ਾਇਦ ਕੋਈ ਥਹੁ-ਪਤਾ ਲੱਗ ਜਾਵੇ, ਜ਼ਰੂਰ ਕੋਸ਼ਿਸ਼ ਕਰਨੀ। ਸਾਡੇ ਲਈ ਇਤਨਾ ਹੀ ਕਾਫੀ ਹੈ, ਜੇ ਉਨ੍ਹਾਂ ਦੇ ਜਿਉਂਦੇ ਹੋਣ ਦੀ ਤਸਦੀਕ ਹੋ ਜਾਵੇ। ਹਾਲ ਦੀ ਘੜੀ ਮੈਂ ਲਾਹੌਰ ਜਾ ਰਿਹਾ ਹਾਂ। ਜੇ ਸੰਭਵ ਹੋਵੇ ਤਾਂ ਮੈਨੂੰ ਖ਼ਤ ਲਿਖਣਾ। ਮੇਰਾ ਪਤਾ ਹੈ: ਸੂਤਰ ਮੰਡੀ, ਲਾਹੌਰ।

> ਨੋਟ: ਸ. ਅਜੀਤ ਸਿੰਘ ਨੇ ਆਪਣੀ ਆਤਮ-ਕਥਾ ਵਿੱਚ ਜ਼ਿਕਰ ਕੀਤਾ ਹੋਇਆ ਹੈ ਕਿ ਭਗਤ ਸਿੰਘ ਨੇ ਆਪਣੇ ਦੋਸਤ ਅਮਰ ਚੰਦ ਨੂੰ ਮੇਰਾ ਪਤਾ ਕਰਨ ਲਈ ਲਿਖਿਆ ਸੀ, ਜਿਸਦਾ ਬਾਪ ਮਾਧੋ ਰਾਮ ਗ਼ਦਰ ਪਾਰਟੀ ਦਾ ਮੈਂਬਰ ਸੀ, ਤੇ ਮੇਰੇ ਸੰਪਰਕ ਵਿੱਚ ਸੀ। ਉਸਨੇ ਮੈਨੂੰ ਭਗਤ ਸਿੰਘ ਦਾ ਸੁਨੇਹਾ ਪੁਚਾਇਆ ਤੇ ਮੇਰੀ ਰਜ਼ਾਮੰਦੀ ਨਾਲ ਸਾਡਾ ਪੱਤਰ-ਵਿਹਾਰ ਸ਼ੁਰੂ ਹੋ ਗਿਆ ਸੀ।

ਹੋਰ ਮੈਂ ਕੀ ਲਿਖਾਂ! ਮੇਰੀ ਤਕਦੀਰ ਹੀ ਅਜੀਬ ਹੈ, ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੰਤ ਨੂੰ ਕੇਸ ਵਾਪਸ ਲੈ ਲਿਆ ਗਿਆ ਸੀ [ਸ਼ਾਇਦ 1924-25 ਦੇ ਗ੍ਰਿਫਤਾਰੀ ਦੇ ਵਾਰੰਟਾਂ ਵੱਲ ਇਸ਼ਾਰਾ ਹੈ] ਮੈਂ ਫਿਰ 1927 ਵਿੱਚ ਗ੍ਰਿਫਤਾਰ ਕੀਤਾ ਗਿਆ ਸਾਂ ਅਤੇ ਸੱਠ ਹਜ਼ਾਰ ਦੀ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸਾਂ। ਅੱਜੇ ਤੱਕ ਮੇਰੇ ਵਿਰੁਧ ਕੋਈ ਕੇਸ ਦਰਜ ਨਹੀਂ ਹੋਇਆ ਅਤੇ ਖ਼ੁਦਾ ਨੇ ਚਾਹਿਆ ਤਾਂ ਹੋਵੇਗਾ ਵੀ ਨਹੀਂ। ਭਾਵੇਂ ਇੱਕ ਸਾਲ ਗੁਜ਼ਰ ਗਿਆ ਹੈ ਪਰ ਅੱਜੇ ਮੈਂ ਜ਼ਮਾਨਤ ਤੋਂ ਮੁੱਕਤ ਨਹੀਂ ਹੋਇਆ। ਜੋ ਰਬ ਦੀ ਮਰਜ਼ੀ! ਭਾਈ ਸਾਹਿਬ, ਆਪਣੀ ਪੜ੍ਹਾਈ ਦਿਲ-ਜਾਨ ਨਾਲ ਜਾਰੀ ਰੱਖਣਾ।

ਤੁਹਾਡਾ ਆਗਿਆਕਾਰ

ਭਗਤ ਸਿੰਘ

ਕਾਗਜ਼ ਦੇ ਉਪਰਲੇ ਹਾਸ਼ੀਏ ਤੇ ਅਮਰ ਚੰਦ ਦੀ ਮਾਤਾ ਵੱਲੋਂ ਲਿਖਵਾਇਆ ਗਿਆ ਹੈ: "ਮੈਨੂੰ ਆਪਣੀ ਸੁਖ-ਸਾਂਦ ਬਾਰੇ ਅਗੋਂ-ਪਿਛੋਂ ਲਿਖਦੇ ਰਹਿਣਾ ਨਹੀਂ ਤਾਂ ਫਿਕਰ ਲੱਗ ਜਾਂਦਾ ਹੈ। ਅਸੀਸਾਂ ਨਾਲ ਆਪ ਦੀ ਮਾਤਾ, ਅਰੂੜੀ।"

ਖ਼ਤ ਦੇ ਦੂਜੇ ਸਿਰੇ ਲਿਖਿਆ ਹੈ: "ਮੈਂ ਹੋਰ ਕੀ ਲਿਖਾਂ, ਸਰਕਾਰ ਮੇਰੇ ਤੇ ਸ਼ੱਕ ਕਰਦੀ ਹੈ। ਖੁਫ਼ੀਆ ਮਹਿਕਮੇ ਵੱਲੋਂ ਮੇਰੀਆਂ ਚਿੱਠੀਆਂ ਖੋਲ੍ਹ ਕੇ ਪੜ੍ਹੀਆਂ ਜਾਂਦੀਆਂ ਹਨ। ਸਮਝ ਨਹੀਂ ਆਉਂਦੀ ਕਿ ਮੇਰੇ ਤੇ ਇਤਨਾ ਸ਼ੱਕ ਕਿਉਂ ਕੀਤਾ ਜਾ ਰਿਹਾ ਹੈ। ਭਾਈ ਸਾਹਿਬ ਅੰਤ ਨੂੰ ਸੱਚਾਈ ਪ੍ਰਗਟ ਹੋ ਜਾਏਗੀ ਅਤੇ ਸੱਚਾਈ ਦੀ ਹੀ ਜਿੱਤ ਹੋਵੇਗੀ।"

**ਸ਼ਹੀਦਾਂ ਦਾ ਦੀਵਾਨਾ ਭਗਤ ਸਿੰਘ**

ਵਰਿੰਦਰ ਨੇ ਇੱਕ ਵੱਖਰੇ ਕਾਂਡ 'ਡੇਅਰੀ ਅਤੇ ਡਾਇਰੀ' ਵਿੱਚ ਲਾਹੌਰ ਨੇੜੇ ਆਪਣੀ ਰਿਹਾਇਸ਼ ਵਿਖੇ ਭਗਤ ਸਿੰਘ ਨੂੰ ਡੇਅਰੀ ਦੇ ਕੰਮ-ਧੰਦੇ ਵਿੱਚ ਰੁਝੇ ਦੱਸਿਆ ਹੈ। ਇਸ ਦੌਰ 'ਚ ਉਸ ਨੇ ਇਸ ਡੇਰੇ ਨੂੰ ਆਪਣੇ ਸਾਥੀਆਂ ਨਾਲ ਮੇਲ-ਮਿਲਾਪ ਲਈ ਵਰਤਿਆ ਸੀ। ਭਗਤ ਸਿੰਘ ਨੇ ਸ਼ਹੀਦਾਂ ਅਤੇ ਇਨਕਲਾਬੀ ਲਹਿਰਾਂ ਸਬੰਧੀ ਇਸ ਸਮੇਂ ਦੌਰਾਨ ਖੋਜ ਵੀ ਕੀਤੀ ਅਤੇ ਲਿਖਿਆ ਵੀ ਸੀ; ਇਹ

ਉਸ ਦਾ ਮਨਭਾਉਂਦਾ ਖੇਤਰ ਸੀ। ਇਸ ਵਿਸ਼ੇ ਤੇ ਉਸ ਦੀਆਂ ਬਹੁਤੀਆਂ ਲਿਖਤਾਂ 1927 ਦੇ ਅੰਤਲੇ ਅਤੇ 1928 ਦੇ ਮੁੱਢਲੇ ਮਹੀਨਿਆਂ ਵਿੱਚ ਲਿਖੀਆਂ ਗਈਆਂ ਸਨ, ਜੋ ਪਹਿਲਾਂ ਪਜਾਬੀ ਦੇ 'ਕਿਰਤੀ' 'ਚ ਅਤੇ ਮਗਰੋਂ ਹਿੰਦੀ ਰਸਾਲੇ 'ਚਾਂਦ' ਦੇ 'ਫਾਂਸੀ ਅੰਕ' ਵਿੱਚ ਛਪੀਆਂ ਸਨ।

ਨਵੰਬਰ 1928 ਦੀ ਦੀਵਾਲੀ ਮੌਕੇ ਪ੍ਰਕਾਸ਼ਿਤ ਹੋਇਆ 'ਫਾਂਸੀ ਅੰਕ' ਚਾਂਦ ਰਸਾਲੇ ਦਾ ਵਿਸ਼ੇਸ਼ ਅੰਕ ਸੀ, ਜੋ ਛਪਦਿਆ ਹੀ ਇਤਿਹਾਸਿਕ ਦਸਤਾਵੇਜ਼ ਬਣ ਗਿਆ। ਇਹ 10,000 ਦੀ ਗਿਣਤੀ ਵਿੱਚ ਛਾਪਿਆ ਗਿਆ ਸੀ ਤੇ 6/7 ਦਸੰਬਰ ਨੂੰ ਇਹਦੀ ਜ਼ਬਤੀ ਦੇ ਆਦੇਸ਼ ਜਾਰੀ ਹੋਣੋਂ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਥਾਉਂ-ਥਾਈਂ ਵੰਡਣ ਲਈ ਭੇਜ ਦਿੱਤਾ ਗਿਆ ਸੀ।

ਭਾਵੇਂ ਕਿ ਇਸ 'ਚ ਆਜ਼ਾਦੀ ਸੰਗ੍ਰਾਮ ਅਤੇ ਸ਼ਹੀਦਾਂ ਦੇ ਲੇਖ ਹੀ ਸਨ, ਜੋ ਕਿਸੇ ਵੀ ਤਰ੍ਹਾਂ ਦੇ 'ਭੜਕਾਊ ਜਾਂ ਉਕਸਾਊ' ਸੰਕੇਤਾਂ ਤੋਂ ਪੂਰੀ ਤਰ੍ਹਾਂ ਮੁਕਤ ਸਨ, ਪਰ ਫੇਰ ਵੀ ਸਰਕਾਰ ਇਸ ਤੋਂ ਐਨੀ ਭੈ-ਭੀਤ ਕਿਉਂ ਹੋਈ, ਇਸ ਬਾਰੇ ਕੁੱਝ ਕਹਿਣਾ ਜ਼ਰੂਰੀ ਹੈ:

> ਇਸ ਗੁੱਥੀ ਨੂੰ ਸੁਲਝਾਉਣ ਲਈ ਸਿਰਫ਼ ਇੱਕ ਮਿਸਾਲ ਹੀ ਕਾਫ਼ੀ ਹੋਵੇਗੀ — ਸਾਲ 1918 ਦੀ ਬਦਨਾਮ ਰੌਲਟ-ਕਮੇਟੀ ਦੀ ਰਿਪੋਰਟ ਵਿੱਚ (ਜਿਸਦੇ ਆਧਾਰ ਤੇ ਰੌਲਟ-ਬਿਲ ਤਿਆਰ ਕੀਤਾ ਗਿਆ ਸੀ) ਨਿਰੋਲ ਪਿਛਲੀਆਂ ਇਨਕਲਾਬੀ ਕਾਰਵਾਈਆਂ ਦਾ ਉੱਲੇਖ ਹੀ ਸੀ, ਜਿਸ ਨੂੰ ਕ੍ਰਾਂਤੀਕਾਰੀ ਨਵੇਂ ਨੌਜਵਾਨਾਂ ਨੂੰ ਪ੍ਰਭਾਵਿਤ ਕਰਨ ਲਈ ਪੜ੍ਹਣ ਨੂੰ ਦਿਆ ਕਰਦੇ ਸੀ, ਤੇ ਇਹ ਰਿਪੋਰਟ ਐੱਚ.ਐਸ.ਆਰ.ਏ. ਦੀ ਲਾਇਬ੍ਰੇਰੀ ਵਿੱਚ ਵੀ 'ਸੁਸ਼ੋਭਤ' ਸੀ: ਸਿਰਫ ਇੱਕ ਹੋਰ ਰਚਨਾ, ਸ਼ਚਿੰਦਰ ਸਾਨਿਆਲ ਦਾ 'ਬੰਦੀ ਜੀਵਨ' ਹੀ ਇਸ ਤੋਂ ਪਹਿਲਾਂ ਪੜ੍ਹਨ ਨੂੰ ਦਿੱਤੀ ਜਾਂਦੀ ਸੀ।

ਸੋ ਪਿਛਲੇ ਸ਼ਹੀਦਾਂ ਦਾ ਪ੍ਰਚਾਰ ਹੀ ਇਨਕਲਾਬੀਆਂ ਦਾ ਮੁੱਖ ਪ੍ਰਚਾਰ ਸਾਧਨ ਰਿਹਾ ਹੈ।

'ਚਾਂਦ' ਦੇ 'ਫਾਂਸੀ ਅੰਕ' ਵਿੱਚ ਸ਼ਹੀਦਾਂ ਬਾਰੇ ਕੁਲ 53 ਲੇਖ ਸਨ, ਜਿਨ੍ਹਾਂ ਵਿੱਚੋਂ 41 ਇੱਕੱਲੇ ਭਗਤ ਸਿੰਘ ਦੇ ਲਿਖੇ ਹੋਏ ਸਮਝੇ ਜਾਂਦੇ ਹਨ, ਜਿਹੜੇ ਵੱਖੋਂ-ਵੱਖ ਫ਼ਰਜ਼ੀ ਨਾਵਾਂ ਹੇਠ ਪ੍ਰਕਾਸ਼ਤ ਹੋਏ ਸਨ ਤੇ ਜਿਨ੍ਹਾਂ ਦੀ ਖ਼ੂਬਸੂਰਤੀ ਇਹਨਾਂ ਨੂੰ ਪੜ੍ਹਕੇ ਹੀ ਮਹਿਸੂਸ ਕੀਤੀ ਜਾ ਸਕਦੀ ਹੈ। ਜਿਵੇਂ ਭਗਤ ਸਿੰਘ ਦੀਆਂ ਰਾਜਸੀ ਲਿਖਤਾਂ ਉਹਦੀ ਸੋਚ ਨੂੰ ਦਰਸਾਉਂਦੀਆਂ ਹਨ, ਐਨ ਉਸੇ ਤਰ੍ਹਾਂ ਇਹ ਰਚਨਾਵਾਂ ਧੁਰ ਅੰਦਰਲੇ ਭਗਤ ਸਿੰਘ ਨੂੰ ਪ੍ਰਗਟਾਉਂਦੀਆਂ ਹਨ।

ਭਗਤ ਸਿੰਘ ਦੀ ਵੱਡੀ ਖ਼ੂਬੀ ਇਹ ਹੈ ਕਿ ਉਹ ਸਾਰੇ ਸ਼ਹੀਦਾਂ ਦਾ, ਭਾਵੇਂ ਉਹ ਕੂਕੇ ਹੋਣ, ਕਾਕੋਰੀ ਵਾਲੇ ਜਾਂ ਉਹਦਾ ਹੀਰੋ ਸਰਾਭਾ, ਉਹ ਸਾਰਿਆਂ ਦਾ ਇੱਕੋ ਜਿਹਾ ਹੀ ਦੀਵਾਨਾ ਨਜ਼ਰ ਆਉਂਦਾ ਹੈ।

---